بِسْمِ اللّٰهِ الرَّحْمٰنِ الرَّحِيْمِ نَحْمَدُهٗ وَنُصَلِّیْ عَلٰی رَسُوْلِهِ الْكَرِيْمِ وَعَلٰی عَبْدِهِ الْمَسِيْحِ الْمَوْعُوْد
لَا إِلٰهَ إِلَّا اللّٰهُ مُحَمَّدٌ رَّسُوْلُ اللّٰهِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਜੰਗੇ ਖੰਦਕ ਦੀ ਰੌਸ਼ਨੀ ਵਿੱਚ ਸੀਰਤੇ ਨਬਵੀ ਸੱਲਲਾਹੁ ਅਲੈਹਿ ਵੱਸਲਮ ਦਾ ਬਿਆਨ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁੱਲ ਮਸੀਹ ਅਲ-ਖਾਮਿਸ ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 06 ਸਤੰਬਰ 2024 ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੁ.ਕੇ**

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ اَمَّا بَعْدُ فَاَعُوْذُ بِاللّٰهِ مِنَ الشَّيْطٰنِ الرَّجِيْمِ ۔ بِسْمِ اللّٰهِ الرَّحْمٰنِ الرَّحِيْمِ ۔ اَلْحَمْدُ لِلّٰهِ رَبِّ الْعٰلَمِيْنَ ۔ الرَّحْمٰنِ الرَّحِيْمِ ۔ مٰلِكِ يَوْمِ الدِّيْنِ ۔ اِيَّاكَ نَعْبُدُ وَ اِيَّاكَ نَسْتَعِيْنُ اِهْدِنَا الصِّرَاطَ الْمُسْتَقِيْمَ ۔ صِرَاطَ الَّذِيْنَ اَنْعَمْتَ عَلَيْهِمْ ۔ غَيْرِ الْمَغْضُوْبِ عَلَيْهِمْ وَلَا الضَّآلِّيْنَ

ਤਸ਼ਹੁੱਦ, ਤਾਉਜ਼ ਅਤੇ ਸੂਰਤੁੱਲ ਫ਼ਾਤਿਹਾ ਦੀ ਤਿਲਾਵਤ ਦੇ ਬਾਦ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਅੱਜ ਮੈਂ ਜੰਗੇ ਖੰਦਕ ਜਾਂ ਜਿਸ ਨੂੰ ਜੰਗੇ ਅਹਜ਼ਾਬ ਵੀ ਕਹਿੰਦੇ ਹਨ ਦਾ ਜ਼ਿਕਰ ਕਰਾਂਗਾ। ਜੋ 05 ਹਿਜਰੀ ਅਨੁਸਾਰ ਫ਼ਰਵਰੀ-ਮਾਰਚ 627ਈ ਵਿੱਚ ਹੋਈ ਸੀ।

ਉਸ ਦੇ ਬਾਦ ਹਜ਼ੂਰੇ ਅਨਵਰ ਨੇ ਸੂਰਤ ਅਹਜ਼ਾਬ ਦੀ ਆਇਤ 10-26 ਦੀ ਤਿਲਾਵਤ ਫ਼ਰਮਾਈ ਅਤੇ ਉਹਨਾਂ ਆਇਤਾਂ ਦਾ ਅਨੁਵਾਦ ਪੇਸ਼ ਫ਼ਰਮਾਇਆ।

ਅਨੁਵਾਦ ਪੇਸ਼ ਕਰਨ ਦੇ ਬਾਦ ਹਜ਼ੂਰੇ ਅਨਵਰ ਨੇ ਇਸ ਜੰਗ ਦਾ ਕਾਰਨ ਬਿਆਨ ਕਰਦੇ ਹੋਏ ਫ਼ਰਮਾਇਆ ਕਿ ਇਸ ਨੂੰ ਜੰਗੇ ਖੰਦਕ ਇਸ ਲਈ ਕਹਿੰਦੇ ਹਨ। ਕਿਉਂਕਿ ਇਸ ਜੰਗੇ ਵਿੱਚ ਅਰਬ ਦੇ ਤਰੀਕ ਦੇ ਉਲਟ ਮੁਸਲਮਾਨਾਂ ਨੇ ਪਹਿਲੀ ਵਾਰ ਖੰਦਕ ਪੁੱਟ ਕੇ ਸ਼ਹਿਰ ਦੀ ਰਾਖੀ ਕੀਤੀ ਸੀ। ਇੰਝ ਹੀ ਇਸ ਨੂੰ ਜੰਗੇ ਅਹਜ਼ਾਬ ਵੀ ਕਹਿੰਦੇ ਹਨ ਅਤੇ ਕੁਰਾਨ ਕਰੀਮ ਨੇ ਵੀ ਇਸ ਨੂੰ ਇਹ ਨਾਂ ਦਿੱਤਾ ਹੈ।

ਅਹਜ਼ਾਬ ਅਸਲ ਵਿੱਚ ਹਿਜ਼ਬ ਦੀ ਜਮ੍ਹਾਂ ਹੈ। ਜਿਸ ਦੇ ਅਰਥ ਜਮਾਤ ਅਤੇ ਗਰੋਹ ਦੇ ਹਨ। ਕਿਉਂਕਿ ਇਸ ਜੰਗੇ ਵਿੱਚ ਅਰਬ ਦੀ ਵੱਖੋ-ਵੱਖ ਜਮਾਤਾਂ ਅਤੇ ਗਰੋਹਾਂ ਨੇ ਜਮ੍ਹਾਂ ਹੋ ਕੇ ਮੁਸਲਮਾਨਾਂ ਉੱਤੇ ਹਮਲਾ ਕੀਤਾ ਸੀ ਇਸ ਲਈ ਇਸ ਨੂੰ ਜੰਗੇ ਅਹਜ਼ਾਬ ਕਿਹਾ ਜਾਂਦਾ ਹੈ।

ਇਸ ਜੰਗ ਦਾ ਕਾਰਨ ਇਹ ਬਣਿਆ ਕਿ ਰਬੀਅ-ਉੱਲ-ਅੱਵਲ 04 ਹਿਜਰੀ ਵਿੱਚ ਯਹੂਦ ਦਾ ਕਬੀਲਾ ਬਨੂ ਨਜ਼ੀਰ ਆਪਣੇ ਅਹਦ ਤੋੜਨ, ਬਗਾਵਤ ਕਰਨ ਅਤੇ ਨਬੀ ਕਰੀਮ ਸੱਲਲਾਹੁ ਅਲੈਹਿ ਵੱਸਲਮ ਨੂੰ ਕਤਲ ਕਰਨ ਵਰਗੀ ਸਾਜ਼ਿਸ਼ਾਂ ਕਰਕੇ ਮਦੀਨਾ ਤੋਂ ਕੱਢਿਆ ਗਿਆ ਅਤੇ ਇਹ ਕਬੀਲਾ ਖੈਬਰ ਵਿੱਚ ਜਾ ਕੇ ਆਬਾਦ ਹੋ ਗਿਆ। ਹਾਲੇ 04 ਮਹੀਨੇ ਲੰਘੇ ਸਨ ਕਿ ਸਾਜ਼ਿਸ਼ਾਂ ਕਰਨ ਵਾਲੇ ਯਹੂਦੀਆਂ ਨੇ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਅਤੇ ਇਸਲਾਮ ਦੇ ਖਿਲਾਫ ਬਹੁਤ ਖੌਫ਼ਨਾਕ ਮਨਸੂਬਾ ਬਣਾਇਆ। ਸੋ, ਉਹਨਾਂ ਦਾ ਸਰਦਾਰ ਹੂਯੀ ਬਿਨ ਅਖਤਬ ਆਪਣੇ ਸਾਥੀਆਂ ਨਾਲ ਮੱਕੇ ਗਿਆ ਅਤੇ ਅਬੂ ਸੁਫ਼ਯਾਨ ਅਤੇ ਹੋਰ ਕੁਰੈਸ਼ ਨਾਲ ਮੁਲਾਕਾਤ ਕੀਤੀ ਅਤੇ ਮੁਸਲਮਾਨਾਂ ਦੇ ਖਿਲਾਫ ਉਹਨਾਂ ਨੂੰ ਆਪਣੀ ਮਦਦ ਦਾ ਭਰੋਸਾ ਦੁਆਇਆ ਅਤੇ ਇਹ ਸੁਝਾਵ ਦਿੱਤਾ ਕਿ

ਸਾਨੂੰ ਚਾਹੀਦਾ ਹੈ ਕਿ ਅਸੀਂ ਸਾਰੇ ਮਿਲ ਕੇ ਮੁਸਲਮਾਨਾਂ ਦੇ ਖਿਲਾਫ ਇੱਕ ਸੰਧੀ ਕਰੀਏ। ਅਬੂ ਸੁਫ਼ਯਾਨ ਨੇ ਯਹੂਦ ਦੇ ਇਹਨਾਂ ਸਰਦਾਰਾਂ ਦਾ ਸਵਾਗਤ ਕੀਤਾ ਅਤੇ ਕਿਹਾ ਕਿ ਤੁਸੀਂ ਆਪਣੇ ਘਰ ਆਏ ਹੋ ਅਤੇ ਤੁਹਾਡੇ ਵਿੱਚੋਂ ਉਹ ਸਾਨੂੰ ਸਭ ਤੋਂ ਪਿਆਰਾ ਹੈ, ਜੋ ਮੁਹੱਮਦ (ਸੱਲਲਾਹੁ ਅਲੈਹਿ ਵੱਸਲਮ ) ਦੇ ਖਿਲਾਫ ਸਾਡੀ ਮਦਦ ਕਰੇ।

ਕੁਰੇਸ਼ ਦੇ ਨਾਲ ਸੰਧੀ ਕਰਨ ਦੇ ਬਾਦ ਯਹੂਦ ਦਾ ਇਹ ਗਰੋਹ ਅਰਬ ਦੇ ਦੂਜੇ ਕਬੀਲੀਆਂ ਦੇ ਕੋਲ੍ਹ ਗਿਆ ਅਤੇ ਸਭ ਤੋਂ ਪਹਿਲਾਂ ਬਨੂ ਗਤਫਾਨ ਦੇ ਕੋਲ੍ਹ ਪਹੁੰਚਾ। ਇਹ ਕਬੀਲਾ ਵੀ ਮੁਸਲਮਾਨਾਂ ਤੋਂ ਬਹੁਤ ਦੁਸ਼ਮਨੀ ਰੱਖਦਾ ਸੀ। ਯਹੂਦ ਨੇ ਉਹਨਾਂ ਨੂੰ ਮਨਾਉਣ ਲਈ ਹੋਰ ਗੱਲ੍ਹਾਂ ਤੋਂ ਬਿਨਾਂ ਖੈਬਰ ਦੀ ਇੱਕ ਸਾਲ ਦੀ ਖਜੂਰਾਂ ਦੇਣ ਦਾ ਵਚਨ ਦਿੱਤਾ।

ਬਨੂ ਗਤਫ਼ਾਨ ਨੇ ਯਹੂਦ ਦੀ ਮਦਦ ਦਾ ਫੈਸਲਾ ਕੀਤਾ ਅਤੇ ਆਪਣੇ ਵਲੋਂ 6000 ਫ਼ੌਜ ਦਾ ਵਚਨ ਦਿੱਤਾ ਉਸ ਦੇ ਬਾਦ ਯਹੂਦ ਦਾ ਇਹ ਗਰੋਹ ਬਨੂ ਸੁਲੈਮ ਦੇ ਕੋਲ੍ਹ ਪਹੁੰਚਾ। ਜੋ ਪਹਿਲਾਂ ਹੀ ਮੁਸਲਮਾਨਾਂ ਉੱਤੇ ਹਮਲਾ ਕਰਨ ਦਾ ਇਰਾਦਾ ਰੱਖਦਾ ਸੀ ਅਤੇ ਹਾਰ ਚੁੱਕਿਆ ਸੀ। ਜੱਦ ਉਸ ਨੂੰ ਇੰਨ੍ਹੇ ਵੱਡੇ ਹਮਲੇ ਦਾ ਪਤਾ ਲੱਗਿਆ ਤਾਂ ਉਸ ਨੇ ਵੀ ਖੁਸ਼ੀ ਖੁਸ਼ੀ ਹਾਂ ਕਰ ਦਿੱਤੀ। ਇੰਝ ਹੀ ਬਨੂ ਫਰਾਰਹ ਆਪਣੇ ਸਰਦਾਰ ਉਏਨਾ ਦੀ ਅਗਵਾਈ ਵਿੱਚ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨਾਲ ਲੜ੍ਹਾਈ ਕਰਨ ਲਈ ਤਿਆਰ ਹੋ ਗਿਆ। ਉਏਨਾ ਨੇ ਆਪਣੇ ਦੋਸਤ ਕਬੀਲਾ ਬਨੂ ਅਸਦ ਨੂੰ ਸੱਦਾ ਦਿੱਤਾ। ਸੋ, ਉਹ ਵੀ ਇਸ ਜੰਗ ਵਿੱਚ ਮੁਸਲਮਾਨਾਂ ਦੇ ਖਿਲਾਫ਼ ਲੜ੍ਹਾਈ ਲਈ ਤਿਆਰ ਹੋ ਗਿਆ। ਇੰਝ ਹੀ ਕੁੱਝ ਹੋਰ ਕਬੀਲੇ ਵੀ ਯਹੂਦ ਦੇ ਇਸ ਸਹਿਯੋਗ ਦੇ ਹਿੱਸਾ ਬਣ ਗਏ। ਇਹ ਸਾਰੇ ਕਬੀਲੇ ਆਪਣੀ ਬਹਾਦਰੀ ਅਤੇ ਜੰਗੀ ਗੁਣਾ ਕਰਕੇ ਅਰਬ ਭਰ ਵਿੱਚ ਪ੍ਰਸਿੱਧੀ ਰੱਖਦੇ ਸਨ।

ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੁ ਫ਼ਰਮਾਉਂਦੇ ਹਨ ਕਿ ਕਿਉਂਕਿ ਯਹੂਦੀ ਲੋਕ ਬਹੁਤ ਹੋਸ਼ਿਆਰ ਅਤੇ ਚਾਲਾਕ ਸਨ ਅਤੇ ਇਸ ਕਿਸਮ ਦੀ ਸਾਜ਼ਿਸ਼ੀ ਕੰਮਾਂ ਵਿੱਚ ਬਹੁਤ ਕੁਸ਼ਲ ਸਨ। ਇਸ ਲਈ ਉਹਨਾਂ ਦੀਆਂ ਕੋਸ਼ਿਸ਼ਾਂ ਰੰਗ ਲੈ ਆਈਂ ਅਤੇ ਅਰਬ ਦੇ ਕਬੀਲੇ ਜਮ੍ਹਾਂ ਹੋ ਕੇ ਮੁਸਲਮਾਨਾਂ ਦੇ ਖਿਲਾਫ ਮੈਦਾਨ ਵਿੱਚ ਨਿਕਲ ਆਏ।

ਹਜ਼ਰਤ ਮੁਸਲੇਹ ਮੌਊਦ ਰਜ਼ੀ ਅੱਲਾਹ ਅੰਨਹੁ ਇਸ ਹਵਾਲੇ ਨਾਲ ਫ਼ਰਮਾਉਂਦੇ ਹਨ ਕਿ ਖੈਬਰ ਅਰਬ ਵਿੱਚ ਯਹੂਦ ਦਾ ਬਹੁਤ ਵੱਡਾ ਕੇਂਦਰ ਅਤੇ ਕਿਲ੍ਹਾਬੰਦ ਸ਼ਹਿਰ ਸੀ। ਇੱਥੇ ਪਹੁੰਚ ਕੇ ਬਨੂ ਨਜ਼ੀਰ ਨੇ ਮੁਸਲਮਾਨਾਂ ਦੇ ਖਿਲਾਫ ਅਰਬਾਂ ਵਿੱਚ ਜੋਸ਼ ਫੈਲਾਉਣਾ ਸ਼ੁਰੂ ਕੀਤਾ।

ਇੱਕ ਲੰਮੀ ਤਿਆਰੀ ਦੇ ਬਾਦ ਅਰਬ ਦੇ ਸਾਰੇ ਜ਼ਬਰਦਸਤ ਕਬੀਲੀਆਂ ਦੇ ਇੱਕ ਆਮ ਇਕੱਠ ਦੀ ਬੁਨਿਆਦ ਰੱਖ ਦਿੱਤੀ ਗਈ। ਇਸ ਇਕੱਠ ਵਿੱਚ ਮੱਕੇ ਅਤੇ ਉਸ ਦੇ ਆਲੇ ਦੁਆਲੇ ਦੇ ਕਬੀਲੇ ਵੀ ਸਨ ਅਤੇ ਨਜਦ ਅਤੇ ਮਦੀਨਾ ਦੇ ਉੱਤਰੀ ਪਾਸੇ ਦੇ ਕਬੀਲੇ ਵੀ ਸਨ ਅਤੇ ਯਹੂਦੀ ਵੀ ਸ਼ਾਮਿਲ ਸਨ। ਉਹਨਾਂ ਸਾਰੇ ਕਬੀਲੀਆਂ ਨੇ ਮਿਲ ਕੇ ਮਦੀਨਾ ਉੱਤੇ ਚੜ੍ਹਾਈ ਕਰਨ ਲਈ ਇੱਕ ਜ਼ਬਰਦਸਤ ਲਸ਼ਕਰ ਤਿਆਰ ਕੀਤਾ।

ਮੱਕਾ ਵਾਲੇ 4000 ਦਾ ਲਸ਼ਕਰ ਲੈ ਕੇ ਤੁਰੇ। ਜਿਨ੍ਹਾਂ ਦੀ ਅਗਵਾਈ ਅਬੂ ਸੁਫ਼ਯਾਨ ਕਰ ਰਿਹਾ ਸੀ। ਸਵਾਰਾਂ ਦੀ ਅਗਵਾਈ ਖਾਲਿਦ ਬਿਨ ਵਲੀਦ ਦੇ ਹੱਥਾਂ ਵਿੱਚ ਸੀ। ਬਨੂ ਸੁਲੈਮ ਦੇ 700 ਆਦਮੀ ਵੀ ਕੁਰੇਸ਼ ਦੇ ਨਾਲ ਆ ਮਿਲੇ ਅਤੇ ਉਹਨਾਂ ਦੀ ਅਗਵਾਈ ਸੁਫ਼ਯਾਨ ਬਿਨ ਅਬਦੁਸ ਸ਼ਮਸ ਦੇ ਹੱਥਾਂ ਵਿੱਚ ਸੀ। ਬਨੂ ਅਸਦ

ਤਲਹਾ ਬਿਨ ਖ਼ੁਵੇਲਦ ਦੀ ਅਗਵਾਈ ਵਿੱਚ ਨਿਕਲੇ। ਬਨੂ ਫੁਰਾਰਹ ਦੇ 1000 ਲੋਕ ਨਿਕਲੇ। ਜਿਨ੍ਹਾਂ ਦੀ ਅਗਵਾਈ ਉਏਨਾ ਕਰ ਰਿਹਾ ਸੀ। ਬਨੂ ਅਸ਼ਜਾਹ ਅਤੇ ਬਨੂ ਮੁੱਰਾ ਦੇ 400-400 ਆਦਮੀ ਨਿਕਲੇ। ਬਨੂ ਗਤਫ਼ਾਨ ਵਲੋਂ 6000 ਫੌਜੀਆਂ ਦਾ ਵਚਨ ਸੀ ਅਤੇ ਯਹੂਦ ਵਲੋਂ 2000 ਦੀ ਰਿਜ਼ਰਵ ਫੌਜ ਸੀ। ਇੰਞ ਵੱਖੋ-ਵੱਖ ਕਬੀਲੀਆਂ ਦੀ ਫੌਜਾਂ ਦੀ ਕੁੱਲ੍ਹ ਗਿਣਤੀ ਘੱਟੋ ਘੱਟ 10000 ਅਤੇ ਕੁੱਝ ਸਾਖੀਆਂ ਅਨੁਸਾਰ 24000 ਤੱਕ ਬਿਆਨ ਕੀਤੀ ਗਈ ਹੈ। ਉਹਨਾਂ ਸਭ ਦੀ ਅਗਵਾਈ ਅਬੂ ਸੂਫ਼ਯਾਨ ਬਿਨ ਹਰਬ ਦੇ ਹੱਥ ਵਿੱਚ ਸੀ। ਇਹ ਉਸ ਸਮੇਂ ਤੱਕ ਦੀ ਅਰਬ ਦੇ ਇਤਿਹਾਸ ਦੀ ਸਭ ਤੋਂ ਵੱਡੀ ਫੌਜੀ ਮੁਹਿੰਮ ਸੀ।

ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੁ ਫ਼ਰਮਾਉਂਦੇ ਹਨ ਕਿ ਜੇਕਰ 10000 ਦੇ ਅੰਦਾਜ਼ੇ ਨੂੰ ਵੀ ਸਹੀ ਮੰਨ ਲਈਏ ਤਾਂ ਫਿਰ ਵੀ ਉਸ ਜ਼ਮਾਨੇ ਦੇ ਹਿਸਾਬ ਨਾਲ ਇਹ ਗਿਣਤੀ ਇੰਨ੍ਹੀ ਵੱਡੀ ਸੀ ਕਿ ਸ਼ਾਇਦ ਇਸ ਤੋਂ ਪਹਿਲਾਂ ਅਰਬ ਦੇ ਕਬੀਲੀਆਂ ਦੀ ਜੰਗ ਵਿੱਚ ਇੰਨ੍ਹੀ ਵੱਡੀ ਗਿਣਤੀ ਕਦੇ ਕਿਸੇ ਜੰਗ ਵਿੱਚ ਸ਼ਾਮਿਲ ਨਹੀਂ ਹੋਈ। ਖਾਣ ਪੀਣ ਦਾ ਸਮਾਨ ਅਤੇ ਜੰਗ ਦਾ ਸਮਾਨ ਵੀ ਹਰ ਪ੍ਰਕਾਰ ਨਾਲ ਕਾਫੀ ਸੀ। ਇਹ ਲਸ਼ਕਰ ਸ਼ਵਾਲ 05 ਹਿਜਰੀ ਅਨੁਸਾਰ ਫ਼ਰਵਰੀ-ਮਾਰਚ 627ਈ ਵਿੱਚ ਮਦੀਨਾ ਵੱਲ੍ਹ ਵੱਧਣਾ ਸ਼ੁਰੂ ਹੋਇਆ।

ਹਜ਼ਰਤ ਮੁਸਲੇਹ ਮੌਊਦ ਰਜ਼ੀ ਅੱਲਾਹ ਅੰਨਹੁ ਬਿਆਨ ਕਰਦੇ ਹਨ ਕਿ ਵੱਖੋ-ਵੱਖ ਇਤਿਹਾਸਕਾਰਾਂ ਨੇ ਇਸ ਲਸ਼ਕਰ ਦਾ ਅੰਦਾਜ਼ਾ 10000 ਤੋਂ 24000 ਤੱਕ ਲਾਇਆ ਹੈ। ਪਰ ਸਪਸ਼ਟ ਹੈ ਕਿ ਸਾਰੇ ਅਰਬ ਦੇ ਇਕੱਠ ਦਾ ਨਤੀਜਾ ਕੇਵਲ 10000 ਸਿਪਾਹੀ ਨਹੀਂ ਹੋ ਸਕਦਾ। 24000 ਵਾਲਾ ਅੰਦਾਜ਼ਾ ਵੱਧ ਸਹੀ ਹੈ ਅਤੇ ਕੁੱਝ ਨਹੀਂ ਤਾਂ ਇਹ ਲਸ਼ਕਰ 18-20000 ਦਾ ਤਾਂ ਜ਼ਰੂਰ ਹੋਵੇਗਾ। ਮਦੀਨਾ ਇੱਕ ਮਾਮੂਲੀ ਕਸਬਾ ਸੀ। ਇਸ ਕਸਬੇ ਦੇ ਖਿਲਾਫ਼ ਸਾਰੇ ਅਰਬ ਦੀ ਚੜ੍ਹਾਈ ਕੋਈ ਮਾਮੂਲੀ ਚੜ੍ਹਾਈ ਨਹੀਂ ਸੀ। ਮਦੀਨਾ ਦੇ ਮਰਦ ਜਮ੍ਹਾਂ ਕਰਕੇ ਜਿਸ ਵਿੱਚ ਬੁੱਢੇ, ਜਵਾਨ ਅਤੇ ਬੱਚੇ ਵੀ ਸ਼ਾਮਿਲ ਸਨ। ਕੇਵਲ 3000 ਨਿਕਲ ਸਕਦੇ ਸਨ। ਇਸ ਦੇ ਉਲਟ ਦੁਸ਼ਮਨ ਦੀ ਫੌਜ 20-24000 ਦੇ ਵਿਚਕਾਰ ਸੀ ਅਤੇ ਉਹ ਸਾਰੇ ਦੇ ਸਾਰੇ ਫੌਜੀ ਸਨ।

ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਜੱਦ ਕੁਫ਼ਾਰ ਦੀ ਤਿਆਰੀਆਂ ਦੀ ਖਬਰ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੂੰ ਮਿਲੀ ਤਾਂ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਫੈਸਲਾ ਫ਼ਰਮਾਇਆ ਕਿ ਖੰਦਕ ਖੋਦੀ ਜਾਵੇ ਇਸ ਦੇ ਵਿਸਥਾਰ ਵਿੱਚ ਲਿੱਖਿਆ ਹੈ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦਾ ਜਸੂਸੀ ਵਿਭਾਗ ਵੀ ਇਨ੍ਹਾਂ ਗੱਲ੍ਹਾਂ ਤੋਂ ਬੇਖਬਰ ਨਹੀਂ ਸੀ ਅਤੇ ਹਰ ਪਾਸਿਓਂ ਖਬਰਾਂ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਤੱਕ ਪਹੁੰਚ ਰਹੀਆਂ ਸਨ।

ਕੁਰੇਸ਼ ਅਤੇ ਯਹੂਦ ਦੇ ਇਸ ਖੌਫ਼ਨਾਕ ਮਨਸੂਬੇ ਦੀ ਖਬਰ ਮਦੀਨਾ ਵਿੱਚ ਪਹੁੰਚੀ ਤਾਂ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ ਸਹਾਬਾ ਨੂੰ ਜਮ੍ਹਾਂ ਕੀਤਾ ਅਤੇ ਉਹਨਾਂ ਨੂੰ ਦੁਸ਼ਮਨ ਦੇ ਬੁਰੇ ਇਰਾਦੇ ਦੀ ਖਬਰ ਦਿੱਤੀ ਅਤੇ ਸਲਾਹ ਕੀਤੀ ਕਿ ਅਸੀਂ ਮਦੀਨਾ ਵਿੱਚੋਂ ਨਿਕਲ ਕੇ ਮੁਕਾਬਲੇ ਕਰੀਏ ਜਾਂ ਮਦੀਨੇ ਵਿੱਚ ਰਹਿ ਕੇ ਇੰਨ੍ਹੇ ਵੱਡੇ ਲਸ਼ਕਰ ਦਾ ਮੁਕਾਬਲਾ ਕਰੀਏ। ਸਾਖੀਆਂ ਅਨੁਸਾਰ ਹਜ਼ਰਤ ਸਲਮਾਨ ਰਜ਼ੀ ਅੱਲਾਹ ਅੰਨਹੁ ਨੇ ਇਹ ਸਲਾਹ ਦਿੱਤੀ ਕਿ ਅਸੀਂ ਫ਼ਾਰਸ ਦੀ ਜ਼ਮੀਨ ਵਿੱਚ ਜੱਦ ਘੋੜਿਆਂ ਦੀ ਜਮਾਤ ਤੋਂ ਡਰਦੇ ਤਾਂ ਉਹਨਾਂ ਦੇ ਅੱਗੇ ਖੰਦਕ ਖੋਦ ਦਿੰਦੇ ਸਨ। ਇਹ ਸਲਾਹ ਸਭ ਨੂੰ ਚੰਗੀ ਲੱਗੀ ਅਤੇ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ

ਮਦੀਨਾ ਵਿੱਚ ਰਹਿੰਦੇ ਹੋਏ ਰੋਕਥਾਮ ਕਰਨ ਅਤੇ ਖੰਦਕ ਪੁੱਟਣ ਦਾ ਆਦੇਸ਼ ਦਿੱਤਾ। ਸੀਰਤ ਦੀਆਂ ਕੁੱਝ ਕਿਤਾਬਾਂ ਤੋਂ ਪਤਾ ਲੱਗਦਾ ਹੈ ਕਿ ਖੰਦਕ ਪੁੱਟਣ ਦਾ ਇਹ ਫੈਸਲਾ ਕੇਵਲ ਹਜ਼ਰਤ ਸਲਮਾਨ ਫ਼ਾਰਸੀ ਰਜ਼ੀ ਅੱਲਾਹ ਅੰਨਹੁ ਦੀ ਸਲਾਹ ਕਰਕੇ ਨਹੀਂ ਸੀ। ਸਗੋਂ ਰੱਬ ਨੇ ਆਕਾਸ਼ਬਾਣੀ ਰਾਹੀਂ ਨਬੀ ਕਰੀਮ ਸੱਲਲਾਹੁ ਅਲੈਹਿ ਵੱਸਲਮ ਨੂੰ ਇਹ ਤਰੀਕਾ ਦੱਸਿਆ ਸੀ। ਕਿਉਂਕਿ ਅਰਬ ਲਈ ਇਹ ਤਰੀਕਾ ਬਿਲਕੁੱਲ ਨਵਾਂ ਸੀ।

ਇਸ ਸੰਬੰਧੀ ਇਹ ਜ਼ਿਕਰ ਵੀ ਮਿਲਦਾ ਹੈ ਕਿ ਜੱਦ ਕੁਫ਼ਾਰ ਦਾ ਲਸ਼ਕਰ ਖੰਦਕ ਨੂੰ ਪਾਰ ਨ ਕਰ ਸਕਿਆ ਤਾਂ ਅਬੂ ਸੁਫ਼ਯਾਨ ਨੇ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੂੰ ਇੱਕ ਪੱਤਰ ਲਿੱਖਿਆ ਸੀ। ਜਿਸ ਵਿੱਚ ਲਾਤ ਅਤੇ ਉੱਜ਼ਾ ਆਦਿ ਬੁਤਾਂ ਦਾ ਜ਼ਿਕਰ ਕਰਕੇ ਇਹ ਲਿੱਖਿਆ ਸੀ ਕਿ ਖੰਦਕ ਪੁੱਟ ਕੇ ਤੁਸੀਂ ਮੁਕਾਬਲੇ ਤੋਂ ਬਚ ਰਹੇ ਹੋ। ਇਸ ਪੱਤਰ ਦੇ ਉੱਤਰ ਵਿੱਚ ਆਂਹਜ਼ੂਰ ਸੱਲਲਾਹੁ ਅਲੈਹਿ ਵੱਸਲਮ ਨੇ ਅਬੂ ਸੁਫ਼ਯਾਨ ਨੂੰ ਲਿੱਖਿਆ ਕਿ ਤੁਹਾਡਾ ਪੱਤਰ ਮਿਲਿਆ ਅਤੇ ਮੈਂ ਜਾਣਦਾ ਹਾਂ ਕਿ ਤੁਸੀਂ ਸਦਾ ਤੋਂ ਰੱਬ ਦੇ ਖਿਲਾਫ ਘਮੰਡ ਵਿੱਚ ਰਹੇ ਹੋ ਅਤੇ ਇਹ ਜੋ ਤੁਸੀਂ ਆਪਣੇ ਇੰਨ੍ਹੇ ਵੱਡੇ ਲਸ਼ਕਰ ਨਾਲ ਮਦੀਨਾ ਉੱਤੇ ਅਜਿਹਾ ਹਮਲਾ ਕਰਨ ਦਾ ਜ਼ਿਕਰ ਕੀਤਾ ਹੈ। ਜਿਸ ਨਾਲ ਤੁਸੀਂ ਸਦਾ ਨਾਂ ਮਿਟਾਉਣ ਦਾ ਇਰਾਦਾ ਕੀਤੇ ਹੋਏ ਹੋ। ਇਹ ਰੱਬ ਦਾ ਆਦੇਸ਼ ਹੈ। ਜੋ ਤੁਹਾਡੇ ਨਾਪਾਕ ਇਰਾਦਿਆਂ ਦੇ ਵਿਚਕਾਰ ਆ ਗਿਆ ਹੈ ਅਤੇ ਉਹ ਆਪਣਾ ਫੈਸਲਾ ਕਰ ਦੇਵੇਗਾ ਕਿ ਤੁਸੀਂ ਲਾਤ ਅਤੇ ਉੱਜ਼ਾ ਦਾ ਨਾਂ ਤੱਕ ਭੁੱਲ ਜਾਓਗੇ। ਜੋ ਤੁਸੀਂ ਇਹ ਕਿਹਾ ਹੈ ਕਿ ਖੰਦਕ ਪੁੱਟਣ ਦਾ ਮੈਨੂੰ ਕਿਸ ਨੇ ਦੱਸਿਆ ਹੈ ਤਾਂ ਇਹ ਤਰੀਕ ਮੈਨੂੰ ਰੱਬ ਨੇ ਆਕਾਸ਼ਬਾਣੀ ਰਾਹੀਂ ਫ਼ਰਮਾਇਆ ਹੈ। ਸੁਣੋ ! ਅੰਤ ਵਿੱਚ ਰੱਬ ਸਾਨੂੰ ਕਾਮਯਾਬ ਕਰੇਗਾ।

ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੇ ਇਸ ਪੱਤਰ ਤੋਂ ਸਪਸ਼ਟ ਹੁੰਦਾ ਹੈ ਕਿ ਸੰਭਵ ਹੈ ਕਿ ਹਜ਼ਰਤ ਸਲਮਾਨ ਫ਼ਾਰਸੀ ਰਜ਼ੀ ਅੱਲਾਹ ਅੰਨਹੁ ਨੇ ਸਲਾਹ ਦਿੱਤੀ ਹੋਵੇਗੀ। ਪਰ ਉਸ ਉੱਤੇ ਅਮਲ ਕਰਨ ਦਾ ਫੈਸਲਾ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ ਆਕਾਸ਼ਬਾਣੀ ਆਉਣ ਦੇ ਬਾਦ ਹੀ ਫ਼ਰਮਾਇਆ ਹੋਵੇਗਾ।

ਇਹ ਜ਼ਿਕਰ ਅੱਗੇ ਵੀ ਜਾਰੀ ਰਹੇਗਾ।

ਹਜ਼ੂਰੇ ਅਨਵਰ ਨੇ ਪਾਕਿਸਤਾਨ ਦੇ ਹਾਲਾਤਾਂ ਸੰਬੰਧੀ ਦੁਆ ਦੀ ਤਹਰੀਕ ਕਰਦੇ ਹੋਏ ਫ਼ਰਮਾਇਆ ਕਿ ਅੱਜ ਕੱਲ੍ਹ ਪਾਕਿਸਤਾਨ ਦੇ ਅਹਮਦੀਆਂ ਨੂੰ ਖਾਸ ਤੌਰ ਉੱਤੇ ਦੁਆਵਾਂ ਵਿੱਚ ਯਾਦ ਰੱਖੋ। ਪਾਕਿਸਤਾਨੀ ਅਹਮਦੀ ਆਪ ਵੀ ਦੁਆਵਾਂ ਵੱਲ੍ਹ ਧਿਆਨ ਦੇਣ, ਸਦਕਾ ਦੇਣ ਵੱਲ੍ਹ ਧਿਆਨ ਦੇਣ। ਰੱਬ ਉਹਨਾਂ ਦੀ ਹਿਫਾਜ਼ਤ ਕਰੇ, ਮੁਖਾਲਿਫ਼ਾਂ ਦੇ ਸ਼ਰ ਤੋਂ ਉਹਨਾਂ ਨੂੰ ਬਚਾਏ ਅਤੇ ਸ਼ਰਾਰਤੀਆਂ ਦੇ ਸ਼ਰ ਉਹਨਾਂ ਉੱਤੇ ਉਲਟਾਏ।

ਦੁਨੀਆਂ ਦੀ ਭਲਾਈ ਲਈ ਵੀ ਦੁਆ ਕਰੋ। ਰੱਬ ਦੁਨੀਆਂ ਨੂੰ ਵੀ ਫ਼ਸਾਦ ਤੋਂ ਬਚਾਏ। ਆਮੀਨ

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ